# Telephone Conversation between Prime Minister and President of Sri Lanka

May 23, 2020

---

## ਪ੍ਰਧਾਨ ਮੰਤਰੀ ਅਤੇ ਸ਼੍ਰੀ ਲੰਕਾ ਦੇ ਰਾਸ਼ਟਰਪਤੀ ਦਰਮਿਆਨ ਟੈਲੀਫੋਨ 'ਤੇ ਗੱਲਬਾਤ

23 ਮਈ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਸ਼੍ਰੀ ਲੰਕਾ ਦੇ ਰਾਸ਼ਟਰਪਤੀ ਮਹਾਮਹਿਮ ਗੋਤਾਬਾਏ ਰਾਜਪਕਸ਼ੇ ਨਾਲ ਵਰਤਮਾਨ COVID - 19 ਮਹਾਂਮਾਰੀ ਅਤੇ ਇਸ ਦੇ ਸੰਭਾਵਤ ਸਿਹਤ ਸੰਬੰਧੀ ਅਤੇ ਆਰਥਿਕ ਅਸਰਾਂ ਬਾਰੇ ਫੋਨ 'ਤੇ ਗੱਲਬਾਤ ਕੀਤੀ|

ਪ੍ਰਧਾਨ ਮੰਤਰੀ ਨੇ ਸ਼੍ਰੀ ਲੰਕਾ ਦੇ ਰਾਸ਼ਟਰਪਤੀ ਨੂੰ ਇਸ ਗੱਲ ਦਾ ਭਰੋਸਾ ਦਿੱਤਾ ਕਿ ਭਾਰਤ ਮਹਾਂਮਾਰੀ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਸ਼੍ਰੀ ਲੰਕਾ ਨੂੰ ਹਰ ਮੁਮਕਿਨ ਮਦਦ ਦਿੰਦਾ ਰਹੇਗਾ|

ਰਾਸ਼ਟਰਪਤੀ ਰਾਜਪਕਸ਼ੇ ਨੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੀ ਸਰਕਾਰ ਵੱਲੋਂ ਆਰਥਿਕ ਗਤੀਵਿਧੀਆਂ ਮੁੜ ਸ਼ੁਰੂ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਜਾਣੂੰ ਕਰਾਇਆ| ਇਸ ਸੰਬੰਧ ਵਿੱਚ ਦੋਨਾਂ ਨੇਤਾਵਾਂ ਨੇ ਸ਼੍ਰੀ ਲੰਕਾ ਵਿੱਚ ਭਾਰਤੀ ਸਹਾਇਤਾ ਪ੍ਰਾਪਤ ਵਿਕਾਸ ਪ੍ਰਾਜੈਕਟਾਂ ਵਿੱਚ ਤੇਜ਼ੀ ਲਿਆਉਣ ਦੀ ਲੋੜ ’ਤੇ ਸਹਿਮਤੀ ਪ੍ਰਗਟਾਈ| ਉਨ੍ਹਾਂ ਨੇ ਸ਼੍ਰੀ ਲੰਕਾ ਵਿੱਚ ਭਾਰਤ ਦੇ  ਨਿਜੀ ਸੈਕਟਰ ਵੱਲੋਂ ਨਿਵੇਸ਼ ਅਤੇ ਮੁੱਲ ਸੰਵਰਧਨ ਦੀਆਂ ਸੰਭਾਵਨਾਵਾਂ ਵਧਾਉਣ ਬਾਰੇ ਵੀ ਗੱਲਬਾਤ ਕੀਤੀ|

ਪ੍ਰਧਾਨ ਮੰਤਰੀ ਨੇ ਸ਼੍ਰੀ ਲੰਕਾ ਦੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਲਈ ਆਪਣੀਆਂ ਸ਼ੁੱਭ ਕਾਮਨਾਵਾਂ ਭੇਟ ਦਿੱਤੀਆਂ|

ਨਵੀਂ ਦਿੱਲੀ
23 ਮਈ, 2020

DISCLAIMER: This is an approximate translation. The original is available in English on MEA’s website and may be referred to as the official press release.